


# ਜਦ ਕੰਨਾਂ ਵਿਚ ਗੂੰਜ ਮਧਾਣੀ ਪਾਉਂਦੀ ਸੀ

ਭਵਨਦੀਪ ਸਿੰਘ ਪੁਰਬਾ

ਸੱਭਿਆਚਾਰ ਕਿਸੇ ਵੀ ਜਾਤੀ/ਵਰਗ ਦਾ ਪ੍ਰਤੀਬਿੰਬ ਹੁੰਦਾ ਹੈ। ਜਿਸ ਵਿਚ ਅਸੀਂ ਉਸ ਵਰਗ ਦੀ ਰਹਿਣੀ-ਬਹਿਣੀ, ਖਾਣਾ-ਪੀਣਾ ਤੇ ਰੀਤੀ-ਰਿਵਾਜ਼ਾਂ ਦੇ ਦਰਸ਼ਨ ਕਰਦੇ ਹਾਂ। ਪੰਜਾਬੀ ਸੱਭਿਆਚਾਰ ਦਾ ਸਾਗਰ ਇਨ੍ਹਾਂ ਵਿਸ਼ਾਲ ਹੈ ਕਿ ਇਸ ਦਾ ਅਥਾਹ ਨਹੀਂ ਪਾਇਆ ਜਾ ਸਕਦਾ। ਜਿਸ ਨੇ ਵੀ ਇਸ ਸਾਗਰ ਵਿਚ ਜਿੰਨੀ ਡੂੰਘੀ ਛਾਲ ਮਾਰੀ ਹੈ। ਉਹ ਉਨੀਆਂ ਹੀ ਨਿਆਮਤਾਂ ਇਸ ਵਿਚੋਂ ਕੱਢ ਲਿਆਇਆ ਹੈ। ਜਦੋਂ ਅਸੀਂ ਪੰਜਾਬੀ ਸੱਭਿਆਚਾਰ ਦੀ ਗੱਲ ਕਰੀਏ ਤਾਂ ਸਾਡੇ ਜਿਹਨ ਵਿਚ ਸਿੱਧੇ ਸਾਦੇ ਨਿਰਮਲ ਅਤੇ ਅਤਿਅੰਤ ਮਿਹਨਤੀ ਪੇਂਡੂ ਜੀਵਨ ਦੀ ਤਸਵੀਰ ਆ ਜਾਂਦੀ ਹੈ। ਤਿੰਨ ਕੁ ਦਹਾਕੇ ਪਹਿਲਾਂ ਤੱਕ ਤਾਂ ਇਹ ਤਸਵੀਰ ਸਾਫ਼ ਸੀ ਪਰ ਜਦੋਂ ਤੋਂ ਸੰਚਾਰ ਮਾਧਿਅਮ ਵਿਚ ਕ੍ਰਾਂਤੀ ਆਈ ਇਸ ਤਸਵੀਰ ਤੇ ਇਨ੍ਹਾਂ ਘੱਟਾ ਪਿਆ ਕਿ ਸਾਨੂੰ ਆਪਣੇ ਸੱਭਿਆਚਾਰ ਨੂੰ ਪਛਾਨਣਾ ਔਖਾ ਹੋ ਰਿਹਾ ਹੈ।


ਹਾਂ! ਜੇਕਰ ਅਸੀਂ ਇਕਾਗਰਚਿੱਤ ਹੋ ਕੇ ਵਿਹਲ ਕੱਢ ਕੇ ਪੰਜਾਬੀ ਸੱਭਿਆਚਾਰ ਬਾਰੇ ਸੋਚੀਏ ਤਾਂ ਸਾਨੂੰ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਖੇਤਾਂ ਵਿਚ ਹਲ ਚਲਦੇ, ਬਲਦਾਂ ਦੇ ਗਲ ਦੀਆਂ ਟੱਲੀਆਂ ਦੀ ਟਨ-ਟਨ ਅਤੇ ਹਾਲੀਆਂ ਦੀਆਂ ਲੰਮੀਆਂ ਹੇਕਾਂ ਵਿਚ ਹੀਰ ਦੀਆਂ ਕਲੀਆਂ ਸੁਣਾਈ ਦਿੰਦੀਆਂ ਹਨ। ਭੱਤਾ ਲੈ ਕੇ ਜਾਂਦੀਆਂ ਮੁਟਿਆਰਾਂ, ਚਟੂਰਿਆਂ ਵਿਚ ਮਧਾਣੀ ਦੇ ਰਿੜਕਣ ਦੀ ਆਵਾਜ਼ ਸੁਣਾਈ ਦਿੰਦੀ ਸੀ। ਮਧਾਣੀ ਦੀ ਗੂੰਜ ਦੇ ਨਾਲ ਸਤਿਗੁਰੂ ਦੀ ਬਾਣੀ ਦੀ ਗੂੰਜ ਵੀ ਕੰਨਾਂ ਵਿਚ ਆਪ-ਮੁਹਾਰੇ ਸੁਣਾਈ ਦੇਣ ਲੱਗ ਪੈਂਦੀ ਸੀ। **ਜਦ ਕੰਨਾਂ ਵਿਚ ਗੂੰਜ ਮਧਾਣੀ ਪਾਉਂਦੀ ਸੀ, ਆਪ ਮੁਹਾਰੇ ਬਾਣੀ ਚੇਤੇ ਆਉਂਦੀ ਸੀ।**

ਪੰਜਾਬੀ ਸੱਭਿਆਚਾਰ ਦਾ ਇਕ ਅਨਿਖੜਵਾਂ ਅੰਗ ਚਰਖਾ ਅੱਜ ਵਿਰਲੇ ਘਰਾਂ ਵਿਚ ਕਿਸੇ ਖੱਲ-ਖੂੰਜੇ ਵਿਚ ਪਿਆ ਹੋਵੇਗਾ ਅਤੇ ਆਪਣੀ ਕਿਸਮਤ ਨੂੰ ਰੋ ਰਿਹਾ ਹੋਵੇਗਾ। ਉਹ ਦਿਨ ਯਾਦ ਕਰਦਾ ਹੋਵੇਗਾ ਜਦੋਂ ਮੁਟਿਆਰਾਂ ਇਕੱਠੀਆਂ ਹੋ ਕੇ ਕਿਸੇ ਦੇ ਘਰ ਦੀ ਸੁਆਤ ਵਿਚ ਰਾਤ ਨੂੰ ਦੀਵੇ ਦੀ ਲੋਅ ਵਿਚ ਤੰਦ ਪਾਉਂਦੀਆਂ ਸਨ ਤੇ ਗੀਤ ਗਾਉਂਦੀਆਂ ਹਨ। ਉਹ ਵੀ ਆਪਣੀ ਘੂਕਰ ਨਾਲ ਗੀਤਾਂ ਨੂੰ ਸੰਗੀਤਮਈ ਕਰਦਾ ਸੀ। 'ਜੋਗੀ ਉਤਰ ਪਹਾੜੋਂ ਆਇਆ ਚਰਖੇ ਦੀ ਘੂਕ ਸੁਣ ਕੇ' ਅੱਜ ਦੀ ਪੀੜ੍ਹੀ ਦੇ ਬੱਚਿਆਂ ਨੂੰ ਕੀ ਪਤਾ ਕਿ ਚਰਮਖ ਕੀ ਹੁੰਦੀ ਹੈ, ਮੁੰਨਾਂ, ਹੱਥੀ, ਤਕਲਾ ਜਾਂ ਮਾਲ੍ਹ ਕੀ ਹੁੰਦੀ ਹੈ?

ਪਹਿਲਾਂ ਭਾਈਚਾਰਕ ਸਾਂਝ ਸੀ ਜਿਸ ਤੋਂ ਭਾਵ ਪੁਰਾਣੇ ਪੰਜਾਬ ਦੇ ਉਸ ਸਹਿਯੋਗ ਤੋਂ ਹੈ ਜੋ ਜ਼ਰੂਰਤ ਸਮੇਂ ਇਕ ਦੂਜੇ ਨੂੰ ਦਿੱਤਾ ਜਾਂਦਾ ਸੀ। ਪੁਰਾਣੇ ਲੋਕਾਂ ਦੀ ਇਕ ਦੂਜੇ ਨੂੰ ਸਹਿਯੋਗ ਦੇਣ ਦੀ ਭਾਵਨਾ ਦੇ ਰੂਪ ਸਨ ਛੋਪ ਪਾਉਣਾ, ਤ੍ਰਿੰਝਣਾਂ, ਤ੍ਰੀਮਤਾਂ, ਆਵਤ ਅਤੇ ਮੰਗ ਪਾਉਣੀ ਆਦਿ। ਇਸਤਰੀਆਂ ਦੇ ਜੀਵਨ ਵਿਚ ਜ਼ਿਆਦਾ ਮੌਕੇ ਆਉਂਦੇ ਸਨ ਜਦੋਂ ਇਕ ਦੂਜੇ ਦੇ ਸਹਿਯੋਗ ਦੀ ਜ਼ਰੂਰਤ ਪੈਂਦੀ ਸੀ। ਇਸਤਰੀਆਂ ਦੇ ਕੰਮ ਦਰੀਆਂ ਬੁਨਣਾ, ਖੇਸ ਬੁਨਣਾ, ਚਰਖੇ ਕੱਤਨਾ, ਕਸੀਦਾ ਕੱਢਣਾ ਆਦਿ ਅਜਿਹੇ ਕੰਮ ਸਨ ਜਿਹੜੇ ਇਕ ਇਸਤਰੀ ਦੇ ਵੱਸ ਦਾ ਰੋਗ ਨਹੀਂ ਸੀ। ਇਨ੍ਹਾਂ ਹੀ ਕੰਮਾਂ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਇਕ ਦੂਜੇ ਨੂੰ ਸਹਿਯੋਗ ਦਿੱਤਾ ਜਾਂਦਾ ਸੀ। ਇਸੇ ਸਹਿਯੋਗ ਨੂੰ ਭਾਈਚਾਰਕ ਸਾਂਝ ਦਾ ਨਾਮ ਦਿੱਤਾ ਗਿਆ। ਕੁੜੀ ਦੇ ਵਿਆਹ ਲਈ ਬਹੁਤ ਸਾਰੇ ਸੂਤ ਦੀ ਜ਼ਰੂਰਤ ਪੈਂਦੀ ਸੀ। ਇਸੇ ਲਈ ਕੁੜੀਆਂ ਇਕੱਠੀਆਂ ਹੋ ਕੇ ਸੂਤ ਕੱਤਦੀਆਂ ਜਿਸ ਨੂੰ ਤ੍ਰਿੰਝਣਾਂ ਕਿਹਾ ਜਾਂਦਾ। ਇਸੇ ਤਰ੍ਹਾਂ ਦੇ ਕੰਮਾਂ ਦੇ ਛੇਤੀ ਨੇਪਰੇ ਚਾੜ੍ਹਣ ਦੇ ਲਈ ਔਰਤਾਂ ਦੇ ਮੁਕਾਬਲੇ ਹੁੰਦੇ, ਇਨ੍ਹਾਂ ਮੁਕਾਬਲਿਆਂ ਨੂੰ ਛੋਪ ਪਾਉਣਾ ਕਿਹਾ ਗਿਆ। ਪੰਜਾਬ ਵਿਚ ਸੇਵੀਆਂ ਪ੍ਰਹੁਣਾਚਾਰੀ ਦਾ ਵਿਸ਼ੇਸ਼ ਅੰਗ ਹੈ। ਸੇਵੀਆਂ ਸਾਉਣ ਤੇ ਭਾਦੋਂ ਵਿਚ ਵੱਟੀਆਂ ਜਾਂਦੀਆਂ ਸਨ। ਇਸਤਰੀਆਂ ਇਕ ਘਰ ਵਿਚ ਇਕੱਠੀਆਂ ਹੋ ਕੇ ਮੈਦੇ ਦੀਆਂ ਬਰੀਕ ਸੇਵੀਆਂ ਦੇ ਲੰਮੇ ਤੰਦ ਕੱਢਦੀਆਂ ਤੇ ਨਾਲ-ਨਾਲ ਗੀਤ ਗਾਉਂਦੀਆਂ, ਹਾਸਾ ਮਾਖੌਲ ਹੁੰਦਾ, ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਸਾਰੇ ਸਾਲ ਲਈ ਸੇਵੀਆਂ ਦਾ ਭੰਡਾਰ ਜਮ੍ਹਾਂ ਹੋ ਜਾਂਦਾ। ਇਕੱਠੀਆਂ ਹੋ ਕੇ ਕੰਮ ਕਰਨ ਦੀ ਭਾਵਨਾ ਆਪਸੀ ਮੇਲ-ਜੋਲ ਅਤੇ ਪਿਆਰ ਨੂੰ ਹੋਰ ਗਾੜ੍ਹਾ ਕਰ ਦਿੰਦੀ ਹੈ। ਸੇਵੀਆਂ ਦੀ ਮਕਬੂਲੀਅਤ ਖਤਮ ਤਾਂ ਨਹੀਂ ਹੋਈ ਪਰ ਹੋਰ ਕਈ ਪ੍ਰਕਾਰ ਦੇ ਮਿੱਠੇ ਖਾਣ-ਪਦਾਰਥ ਆਉਣ ਕਾਰਨ ਇਸ ਦੀ ਮੰਗ ਘੱਟ ਜ਼ਰੂਰ ਗਈ ਹੈ। ਚਾਹੇ ਮਸ਼ੀਨਾਂ ਦੇ ਆਉਣ ਨਾਲ ਸਮੇਂ ਦੀ ਬੱਚਤ ਹੋਈ ਪਰ ਭਾਈਚਾਰਕ ਸਾਂਝ ਅਤੇ ਇਸਤਰੀਆਂ ਦੇ ਇਕੱਠੇ ਹੋ ਕੇ ਬੈਠਣ ਦੇ ਮੌਕਿਆਂ ਨੂੰ ਢਾਅ ਲੱਗ ਗਈ ਹੈ।

ਪੰਜਾਬ ਦੇ ਲੋਕ ਸ਼ੁਰੂ ਤੋਂ ਹੀ ਜ਼ਿਆਦਾ ਖੇਤੀ ਤੇ ਨਿਰਭਰ ਹਨ। ਜਿਮੀਂਦਾਰਾਂ ਨੂੰ ਇਸੇ ਗੱਲ ਦੀ ਚਿੰਤਾ ਹੁੰਦੀ ਸੀ ਕਿ ਉਸ ਦਾ ਕੰਮ ਸਮੇਂ ਸਿਰ ਪੁਰਿਆ ਜਾਵੇ ਤਾਂ ਜੋ ਉਹ ਕਿਸੇ ਸੰਕਟ ਦੀ ਮਾਰ ਹੇਠ ਨਾ ਆ ਜਾਵੇ ਜੇਕਰ ਕੋਈ ਜਿਮੀਂਦਾਰ ਸਮੇਂ ਜਾਂ ਕਾਮਿਆਂ ਦੀ ਘਾਟ ਕਾਰਨ ਪਛੜ ਜਾਂਦਾ ਤਾਂ ਬਿੜੀ ਜਾਂ ਮੰਗ ਪਾਉਣ ਜਿਹੀਆਂ ਰੀਤਾਂ ਉਸ ਨੂੰ ਸੁਰਖਰੂ ਕਰ ਦਿੰਦੀਆਂ ਸਨ। ਜੇਕਰ ਕੋਈ ਆਪਣੇ ਕੰਮ ਤੋਂ ਖੁੰਜਿਆ ਹੋਇਆ ਜਿਮੀਂਦਾਰ ਆਪਣੇ ਰਿਸ਼ਤੇਦਾਰ ਦੇ ਪਿੰਡ ਵਿਚੋਂ ਆਦਮੀ ਬੁਲਾ ਲੈਂਦਾ। ਉਹ ਆਪਣੇ ਕੰਮ ਤੋਂ ਖੁੰਜੇ ਹੋਏ ਰਿਸ਼ਤੇਦਾਰ ਦੇ ਘਰ ਆ ਪਹੁੰਚਦੇ ਤੇ ਖੁਸ਼ੀਆਂ ਕੰਮ ਦਿਨਾਂ ਵਿਚ ਪੂਰ ਕਰ ਦਿੰਦੇ ਤਾਂ ਇਹ ਰਿਸ਼ਤੇਦਾਰੀ ਵਿਚੋਂ ਆਇਆ ਟੋਲਾ ਆਵਤ ਅਖਵਾਉਂਦਾ। ਇਸੇ ਤਰ੍ਹਾਂ ਪਿੰਡ ਵਿਚ ਕਿਸੇ ਦੇ ਮਕਾਨ ਦੀ ਛੱਤ ਪੈਣੀ ਹੁੰਦੀ ਤਾਂ ਪਿੰਡ ਵਿਚ ਹੋਕਾ ਆ ਜਾਂਦਾ 'ਬਈ! ਫਲਾਨੇ ਦੇ ਘਰ ਕੱਲ੍ਹ ਚੋਹਾ ਪੈਣਾ ਹੈ। ਇਸ ਲਈ ਉਨ੍ਹਾਂ ਦੇ ਘਰ ਬੰਦੇ ਪਹੁੰਚਣ।' ਇਸ ਤਰ੍ਹਾਂ ਪਿੰਡ ਦੇ ਲੋਕ ਬਿਨਾਂ ਕਿਸੇ ਸੁਆਰਥ ਤੇ ਲਾਲਚ ਦੇ ਉਸ ਆਦਮੀ ਦੇ ਘਰ ਪਹੁੰਚਦੇ। ਇਹੀ ਸੀ ਪੁਰਾਤਣ ਭਾਈਚਾਰਕ ਸਾਂਝ।

ਪੁਰਾਤਣ ਪੰਜਾਬ ਵਿਚ ਜੋ ਰੋਲ ਭਾਈਚਾਰਕ ਸਾਂਝ ਦਾ ਰਿਹਾ ਹੈ ਉਸ ਨੇ ਲੋਕਾਂ ਦੇ ਕੰਮਾਂ ਕਾਰਾਂ ਨੂੰ ਸੁਖਾਲਾ ਬਣਾਈ ਰੱਖਿਆ ਹੈ। ਪਰ ਅੱਜ ਦਾ ਪੰਜਾਬ ਪਹਿਲਾ ਵਾਲੇ ਪੰਜਾਬ ਨਾਲੋਂ ਬਹੁਤ ਵੱਖ ਹੈ। ਅੱਜ ਪੰਜਾਬ ਵਿਚ ਭਈਆਂ ਦੀ ਗਿਣਤੀ ਦਾ ਇਨਾ ਵੱਧ ਜਾਣਾ ਇਸ ਗੱਲ ਦੀ ਗਵਾਹੀ ਹੈ ਕਿ ਅੱਜ ਵੀ ਫਸਲ ਦੀ ਉਗਾਈ, ਲੁਆਈ, ਕਢਾਈ ਲਈ ਕਾਮਿਆਂ ਦੀ ਜ਼ਰੂਰਤ ਹੈ। ਪਰ ਅੱਜ ਦੇ ਲੋਕ ਮੰਗ ਪਾ ਕੇ, ਬਿੜੀ ਪਾ ਕੇ ਕਿਸੇ ਤੋਂ ਅਹਿਸਾਨ ਕਰਵਾ ਕੇ ਰਾਜੀ ਨਹੀਂ ਹਨ। ਅੱਜ ਦੇ ਲੋਕ ਆਪਣੇ ਵਿਰਸੇ ਤੋਂ ਬੇਮੁੱਖ ਹੋ ਕੇ, ਜ਼ਰੂਰਤ ਤੋਂ ਵੱਧ ਖਰਚਾ ਕਰ ਰਹੇ ਹਨ ਪਰ ਸਹਿਯੋਗ ਦੇਣ ਤੇ ਅਤੇ ਸਹਿਯੋਗ ਲੈਣ ਤੋਂ ਝਿਜਕਦੇ ਹਨ। ਪੁਰਾਤਣ ਪੰਜਾਬ ਦੀ ਭਾਈਚਾਰਕ ਸਾਂਝ ਦਿਨੋ-ਦਿਨ ਅਲੋਪ ਹੋ ਰਹੀ ਹੈ। ਮਹੱਤਵਪੂਰਨ ਵਿਰਸਾ ਹੁੰਦਾ ਹੈ ਲੋਕ ਗੀਤ, ਨਾਚ ਅਤੇ ਮੇਲੇ। ਪੁਰਾਣੇ ਲੋਕ ਗੀਤ ਅੱਜ ਵੀ ਨਵੇਂ ਹਨ। ਲੋਕ ਗੀਤ ਤੇ ਨਾਚ ਕਿਸੇ ਸਮਾਜ ਦੀ ਰੂਹ ਹੁੰਦੇ ਹਨ। ਗਮੀ-ਸ਼ਾਦੀ ਵਿਚ ਲੋਕ ਗੀਤਾਂ ਰਾਹੀਂ ਹੀ ਮਨ ਦੇ ਵੇਦਨਾ ਦਾ ਪ੍ਰਗਟਾਵਾ ਹੁੰਦਾ ਹੈ। ਪੰਜਾਬੀ ਸੱਭਿਆਚਾਰ ਵਿਚ ਭੰਗੜਾ, ਝੂੰਮਰ, ਗਿੱਧਾ ਤੇ ਕਿੱਕਲੀ ਨਾਚ ਦੇ ਵਿਸ਼ੇਸ਼ ਅੰਗ ਹਨ। ਜਾਂ ਇਉਂ ਕਹੀਏ ਕਿ ਇਹੀ ਸੱਭਿਆਚਾਰ ਹੈ ਪੰਜਾਬ ਦਾ। ਅੱਜ ਅਜੋਕੇ ਸਮੇਂ ਵਿਚ ਇਨ੍ਹਾਂ ਨੂੰ ਇਤਨਾ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਦੀ ਪਛਾਣ ਔਖੀ ਹੋ ਗਈ ਹੈ। ਅੱਜ ਸਭਿਆਚਾਰ ਦੇ ਨਾਂ ਤੇ ਸਟੇਜ ਤੇ ਚੜ੍ਹਦੇ 10-12 ਮੁੰਡੇ ਕੁੜੀਆਂ ਡਾਂਸ ਕਰਦੇ ਹਨ। ਇਨ੍ਹਾਂ ਡਾਂਸ ਕਰਨ ਵਾਲੇ ਗਰੁੱਪਾਂ ਨੂੰ ਸੱਭਿਆਚਾਰਕ ਗਰੁੱਪਾਂ ਦਾ ਨਾਮ ਤਾਂ ਦਿੱਤਾ ਜਾਂਦਾ ਹੈ ਪਰ ਇਹ ਪੌਪ ਤੇ ਫੋਕ ਦਾ ਮਿਲਗੋਭਾ ਹੋ ਗਿਆ ਹੈ। ਪੰਜਾਬੀ ਗੀਤਾਂ ਵਿਚ ਵਿਦੇਸ਼ੀ ਤਰਜ਼ਾਂ ਠੋਸੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚ ਮਿਠਾਸ ਤੇ ਸੁਰ ਤਾਲ ਖੰਭ ਲਾ ਕੇ ਉੱਡ ਗਏ ਹਨ। ਸਮਝ ਨਹੀਂ ਆਉਂਦੀ ਕਿ ਇਹ ਪੰਜਾਬੀ ਬੋਲਦੇ ਹਨ ਜਾਂ ਕੋਈ ਹੋਰ ਭਾਸ਼ਾ। ਪਹਿਰਾਵਾ ਵੀ ਭੜਕਾਊ ਜੋ ਪੰਜਾਬੀ ਪਹਿਰਾਵੇ ਨਾਲ ਕਿਸੇ ਤਰ੍ਹਾਂ ਵੀ ਮੇਲ ਨਹੀਂ ਖਾਂਦਾ। ਪੰਜਾਬੀ ਮਾਂ ਬੋਲੀ ਆਪਣੇ ਇਨ੍ਹਾਂ ਹੋਣਹਾਰ ਬੱਚਿਆਂ ਤੇ ਰੋ ਰਹੀ ਹੋਵੇਗੀ। ਲਾਲ ਚੰਦ ਯਮਲਾ ਜੱਟ, ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਨਰਿੰਦਰ ਬੀਬਾ ਵਰਗੇ ਕਲਾਕਾਰਾਂ ਦੇ ਗਾਏ ਗੀਤ ਅੱਜ ਵੀ ਸਾਡੇ ਕੰਨਾਂ ਵਿਚ ਰਸ ਘੋਲਦੇ ਹਨ। ਅੱਜ ਸਾਨੂੰ ਲੋੜ ਹੈ ਕਿ ਅਸੀਂ ਆਪਣੇ ਅਸਲੀ ਪੰਜਾਬੀ ਸੱਭਿਆਚਾਰ ਦੀ ਸੰਭਾਲ ਹੀ ਨਾ ਕਰੀਏ ਸਗੋਂ ਦਿਲ ਵਿਚ ਵਸਾ ਕੇ




ਮਿੰਨੀ ਕਹਾਣੀ ਸੰਗ੍ਰਿਹ
ਮਣਕੇ
ਕੀਮਤ 120

ਮਹਿਕ ਵਤਨ ਦੀ ਲਾਈਵ
ਪੇਪਰ ਦੇ ਪਾਠਕਾ ਲਈ
ਇਹ ਪੁਸਤਕ ਸਿਰਫ
ਸਿਰਫ 60/- ਰੁਪਏ

ਪੁਸਤਕ ਮੰਗਵਾਉਣ ਲਈ ਸੰਪਰਕ ਕਰੋ
Mob. (+91) 9988 92 9988